ਵਿਧਾਨ ਸਭਾ ਦੀ ਲਾਈਵ ਕਵਰੇਜ ਪਾਰਦਰਸ਼ੀ ਨਹੀਂ : ਖਹਿਰਾ



ਚੰਡੀਗੜ੍ਹ, 12 ਮਾਰਚ (ਅੰਕੁਰ)–ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੀ ਲਾਈਵ ਕਵਰੇਜ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀ ਜੋ ਲਾਈਵ ਟੈਲੀਕਾਸਟ ਦਿਖਾਈ ਜਾਂਦੀ ਹੈ, ਉਹ ਹਕੀਕਤ 'ਚ ਪੂਰੀ ਤਰ੍ਹਾਂ ਪਾਰਦਰਸ਼ੀ ਨਹੀਂ ਹੈ ਅਤੇ ਇਸ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਉਨ੍ਹਾਂ ਲਈ ਵਿਧਾਨ ਸਭਾ 'ਚ ਅਪਮਾਨਜਨਕ ਅਤੇ ਗਲਤ ਭਾਸ਼ਾ ਵਰਤੀ ਗਈ ਪਰ ਲਾਈਵ ਕਵਰੇਜ ਦੌਰਾਨ ਕੈਮਰਾ ਫਰੇਮ 'ਚ ਉਨ੍ਹਾਂ ਨੂੰ ਦਿਖਾਇਆ ਹੀ ਨਹੀਂ ਗਿਆ।

ਉਨ੍ਹਾਂ ਸਵਾਲ ਕੀਤਾ ਕਿ ਜੇ ਇਹ ਸੱਚਮੁੱਚ ਲਾਈਵ ਪ੍ਰਸਾਰਣ ਹੈ ਤਾਂ ਫਿਰ ਵਿਰੋਧੀ ਧਿਰ ਦੇ ਮੈਂਬਰ ਫਰੇਮ 'ਚ ਕਿਉਂ ਨਹੀਂ ਦਿਖਾਏ ਜਾਂਦੇ।

ਉਨ੍ਹਾਂ ਕਿਹਾ ਕਿ ਇਹ ਸਾਰੀ ਪ੍ਰਕਿਰਿਆ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਵਿਧਾਨ ਸਭਾ ਦੀ ਲਾਈਵ ਕਵਰੇਜ 'ਫੇਕ ਲਾਈਵ' ਹੈ। ਇਸ ਪ੍ਰਸਾਰਣ ਨੂੰ ਇਕ ਛੋਟੇ ਕਮਰੇ 'ਚ ਬੈਠੇ ਲੋਕਾਂ ਵੱਲੋਂ ਕੰਟਰੋਲ ਕੀਤਾ ਜਾ ਰਿਹਾ ਹੈ ਅਤੇ ਇਹ ਪੂਰੀ ਤਰ੍ਹਾਂ ਸਕ੍ਰਿਪਟਿਡ ਤਰੀਕੇ ਨਾਲ ਚਲਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਕੰਟਰੋਲ ਆਮ ਆਦਮੀ ਪਾਰਟੀ ਦੇ ਦਿੱਲੀ ਆਧਾਰਤ ਲੋਕਾਂ ਦੇ ਹੱਥ 'ਚ ਹੈ, ਜੋ ਵਿਧਾਨ ਸਭਾ ਅੰਦਰ ਬੈਠ ਕੇ ਲਾਈਵ ਕਵਰੇਜ ਨੂੰ ਆਪਣੀ ਮਰਜ਼ੀ ਨਾਲ ਚਲਾਉਂਦੇ ਹਨ। ਖਹਿਰਾ ਦੇ ਇਸ ਬਿਆਨ ਨਾਲ ਸੂਬੇ ਦੀ ਸਿਆਸਤ 'ਚ ਇਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਹਾਲਾਂਕਿ ਇਸ ਮਾਮਲੇ 'ਤੇ ਹੁਣ ਤੱਕ ਸਰਕਾਰ ਜਾਂ ਆਮ ਆਦਮੀ ਪਾਰਟੀ ਵੱਲੋਂ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ।

ਔਰਤਾਂ ਬਾਰੇ ਕਥਿਤ ਟਿੱਪਣੀਆਂ ਨੂੰ ਲੈ ਕੇ ਹਰਸਿਮਰਤ ਬਾਦਲ ਤੇ ਗਨੀਵ ਕੌਰ ਨੇ ਕੌਮੀ ਮਹਿਲਾ ਕਮਿਸ਼ਨ ਨੂੰ ਕੀਤੀ ਸ਼ਿਕਾਇਤ

ਚੰਡੀਗੜ੍ਹ, 12 ਮਾਰਚ (ਅੰਕੁਰ)–ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਪਾਰਟੀ ਵਿਧਾਇਕਾ ਗਨੀਵ ਕੌਰ ਮਜੀਠੀਆ ਨੇ ਕੌਮੀ ਮਹਿਲਾ ਕਮਿਸ਼ਨ ਨੂੰ ਪੱਤਰ ਲਿਖ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਖ਼ਿਲਾਫ਼ ਕੀਤੀਆਂ ਗਈਆਂ ਬੇਹੱਦ ਇਤਰਾਜ਼ਯੋਗ, ਅਪਮਾਨਜਨਕ ਤੇ ਅਸ਼ਲੀਲ ਟਿੱਪਣੀਆਂ ਦਾ ਨੋਟਿਸ ਲੈਣ ਤੇ ਉਨ੍ਹਾਂ ਖ਼ਿਲਾਫ਼ ਐੱਫ. ਆਈ. ਆਰ. ਦਰਜ ਕਰਨ ਵਾਸਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਹਦਾਇਤ ਦੇਣ ਦੀ ਅਪੀਲ ਕੀਤੀ।

ਚੇਅਰਪਰਸਨ ਨੂੰ ਲਿਖੇ ਪੱਤਰ 'ਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ

ਹਰਸਿਮਰਤ ਕੌਰ ਬਾਦਲ ਤੇ ਗਨੀਵ ਕੌਰ ਮਜੀਠੀਆ।

ਔਰਤਾਂ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ, ਜੋ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਅਕਾਦਮਿਕ ਭਾਈਚਾਰੇ ਸਾਹਮਣੇ ਅਸ਼ਲੀਲ ਗੱਲਾਂ ਕੀਤੀਆਂ ਗਈਆਂ, ਉਸ ਨਾਲ ਔਰਤਾਂ ਦੇ ਮਾਣ-ਸਨਮਾਨ ਨੂੰ ਵੱਡੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਅਹੁਦੇ 'ਤੇ ਬੈਠੇ ਸਰਕਾਰ ਦੇ ਮੁਖੀ ਨੂੰ ਅਜਿਹੀਆਂ ਗੱਲਾਂ ਸੋਭਦੀਆਂ ਨਹੀਂ ਹਨ। ਅਜਿਹੀਆਂ ਕਾਰਵਾਈਆਂ ਸੰਵਿਧਾਨ ਦੀ ਧਾਰਾ 14, 15 ਤੇ 21 ਤਹਿਤ ਬਿਨਾਂ ਲਿੰਗ ਭੇਦ ਤੋਂ ਬਰਾਬਰੀ ਦੇ ਦਿੱਤੇ ਅਧਿਕਾਰ ਦੇ ਵੀ ਉਲਟ ਹੈ।

ਉਨ੍ਹਾਂ ਕਿਹਾ ਕਿ ਜਨਤਕ ਤੌਰ 'ਤੇ ਔਰਤਾਂ ਦੇ ਮਾਣ-ਸਨਮਾਨ ਨਾਲ ਕਿਸੇ ਵੀ ਤਰੀਕੇ ਸਮਝੌਤਾ ਨਹੀਂ ਹੋਣਾ ਚਾਹੀਦਾ ਖ਼ਾਸ ਤੌਰ 'ਤੇ ਜਦੋਂ ਬਿਆਨਬਾਜ਼ੀ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੋਵੇ, ਜਿਨ੍ਹਾਂ ਦੇ ਮੋਢਿਆਂ 'ਤੇ ਸਰਕਾਰ ਚਲਾਉਣ ਤੇ ਲੋਕਤੰਤਰ ਦੀ ਰਾਖੀ ਦੀ ਜ਼ਿੰਮੇਵਾਰੀ ਹੋਵੇ। ਉਨ੍ਹਾਂ ਕਿਹਾ ਕਿ ਕੌਮੀ ਮਹਿਲਾ ਕਮਿਸ਼ਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ ਤੇ ਮੁੱਖ ਮੰਤਰੀ 'ਚ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਦੇ ਹੁਕਮ ਦੇਵੇ।

ਭਾਜਪਾ ਨੂੰ ਝਟਕਾ : ਮੋਹਨ ਲਾਲ ਬੰਗਾ ਮੁੜ ਅਕਾਲੀ ਦਲ 'ਚ ਸ਼ਾਮਲ

ਜਲੰਧਰ, 12 ਮਾਰਚ (ਜ. ਬ.)–ਭਾਰਤੀ ਜਨਤਾ ਪਾਰਟੀ ਨੂੰ ਦੁਆਬੇ 'ਚ ਅੱਜ ਉਦੋਂ ਵੱਡਾ ਝਟਕਾ ਲੱਗਿਆ, ਜਦੋਂ ਸਾਬਕਾ ਮੰਤਰੀ ਤੇ ਭਾਜਪਾ ਦੇ ਮਰਹੂਮ ਨੇਤਾ ਚੌਧਰੀ ਸਵਰਨਾ ਰਾਮ ਦੇ ਪੁੱਤਰ ਮੋਹਨ ਲਾਲ ਬੰਗਾ ਮੁੜ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ।

ਮੋਹਨ ਲਾਲ ਬੰਗਾ ਨੂੰ ਪਾਰਟੀ 'ਚ ਸ਼ਾਮਲ ਕਰਦੇ ਸੁਖਬੀਰ ਬਾਦਲ ਤੇ ਹੋਰ।

ਬਾਘਾਪੁਰਾਣਾ ਮੰਡੀ 'ਚ ਸ਼੍ਰੋਮਣੀ ਅਕਾਲੀ ਦਲ ਦੀ ਵਿਸ਼ਾਲ ਰੈਲੀ 'ਚ ਸੁਖਬੀਰ ਬਾਦਲ ਨੇ ਮੋਹਨ ਲਾਲ ਬੰਗਾ ਨੂੰ ਪਾਰਟੀ 'ਚ ਸ਼ਾਮਲ ਕੀਤਾ। ਮੋਹਨ ਲਾਲ ਬੰਗਾ, ਬੰਗਾ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਅਕਾਲੀ ਦਲ ਦੀ ਟਿਕਟ 'ਤੇ ਵਿਧਾਇਕ ਰਹਿ ਚੁੱਕੇ ਹਨ ਪਰ ਉਹ ਪਿਛਲੇ ਸਮੇਂ 'ਚ ਅਕਾਲੀ ਦਲ ਨੂੰ ਛੱਡ ਕੇ ਪਹਿਲਾਂ ਕਿਸੇ ਹੋਰ ਪਾਰਟੀ ਤੇ ਫਿਰ ਭਾਜਪਾ 'ਚ ਸ਼ਾਮਲ ਹੋ ਗਏ ਸਨ। ਇਸ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਵੀ ਮੌਜੂਦ ਸਨ।

ਜੁਡੀਸ਼ੀਅਲ ਮੈਜਿਸਟ੍ਰੇਟ ਪੰਕਜ ਗਰਗ ਦੀ ਹਾਰਟ ਅਟੈਕ ਕਾਰਨ ਮੌਤ

ਹੁਸ਼ਿਆਰਪੁਰ, 12 ਮਾਰਚ (ਰਾਜੇਸ਼ ਜੈਨ)–ਹੁਸ਼ਿਆਰਪੁਰ 'ਚ ਤਾਇਨਾਤ ਜੁਡੀਸ਼ੀਅਲ ਮੈਜਿਸਟ੍ਰੇਟ ਪੰਕਜ ਗਰਗ ਦੀ ਹਾਰਟ ਅਟੈਕ ਕਾਰਨ ਅਚਾਨਕ ਮੌਤ ਹੋ ਗਈ। ਉਹ ਮਹਿਜ਼ 28 ਸਾਲ ਦੇ ਸਨ।

ਜੁਡੀਸ਼ੀਅਲ ਮੈਜਿਸਟ੍ਰੇਟ ਪੰਕਜ ਗਰਗ ਦੀ ਫਾਈਲ ਫੋਟੋ।

ਜਾਣਕਾਰੀ ਅਨੁਸਾਰ ਨਿਊ ਜੁਡੀਸ਼ੀਅਲ ਕੰਪਲੈਕਸ ਸਥਿਤ ਕਾਲੋਨੀ 'ਚ ਉਹ ਆਪਣੀ ਰਿਹਾਇਸ਼ 'ਚ ਸੌਂ ਰਹੇ ਸਨ। ਸਵੇਰੇ 6 ਵਜੇ ਦੇ ਕਰੀਬ ਜਦੋਂ ਸੇਵਾਦਾਰ ਨੇ ਦਸਤਕ ਦਿੱਤੀ ਤਾਂ ਉਹ ਉੱਠੇ ਨਹੀਂ। ਇਸ ਤੋਂ ਬਾਅਦ ਹੋਰ ਜੁਡੀਸ਼ੀਅਲ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਤੇ ਉਨ੍ਹਾਂ ਨੂੰ ਤੁਰੰਤ ਇਕ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਪੰਕਜ ਗਰਗ ਕੁਆਰੇ ਸਨ ਅਤੇ ਹਰਿਆਣਾ ਦੇ ਜ਼ਿਲਾ ਸਿਰਸਾ ਨਾਲ ਸਬੰਧਤ ਸਨ। ਪਤਾ ਲੱਗਿਆ ਹੈ ਕਿ ਅੱਜ ਦੁਪਹਿਰ ਉਨ੍ਹਾਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੀ ਮ੍ਰਿਤਕ ਦੇਹ ਲੈ ਕੇ ਇੱਥੋਂ ਘਰ ਵੱਲ ਰਵਾਨਾ ਹੋ ਗਏ ਹਨ। ਸੋਗ ਵਜੋਂ ਅੱਜ ਅਦਾਲਤਾਂ 'ਚ ਕੰਮਕਾਜ ਬੰਦ ਰਿਹਾ। ਜ਼ਿਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪੀ. ਐੱਸ. ਘੁੰਮਣ ਨੇ ਸਮੂਹ ਬਾਰ ਵੱਲੋਂ ਉਨ੍ਹਾਂ ਦੇ ਦਿਹਾਂਤ 'ਤੇ ਸੋਗ ਦਾ ਪ੍ਰਗਟਾਵਾ ਕੀਤਾ।

ਪੇਪਰ ਦੇਣ ਜਾ ਰਹੇ 12ਵੀਂ ਦੇ ਵਿਦਿਆਰਥੀ ਦੀ ਸੜਕ ਹਾਦਸੇ 'ਚ ਮੌਤ

ਦਸੂਹਾ, 12 ਮਾਰਚ (ਝਾਵਰ)–ਅੱਜ ਮਿਆਨੀ ਰੋਡ ਦਸੂਹਾ ਵਿਖੇ ਸਵੇਰੇ ਇਕ ਵਿਦਿਆਰਥੀ ਲਵਪ੍ਰੀਤ ਸਿੰਘ ਪੁੱਤਰ ਲਖਵੀਰ ਸਿੰਘ ਨਿਵਾਸੀ ਪਿੰਡ ਮੁੰਡੀਆਂ, ਜੋ ਸੰਤ ਅਰਜਨ ਸਿੰਘ ਸਕੂਲ ਵਿਖੇ ਪੇਪਰ ਦੇਣ ਲਈ ਜਾ ਰਿਹਾ ਸੀ, ਦੀ ਸੜਕ ਹਾਦਸੇ 'ਚ ਮੌਤ ਹੋਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਜਦੋਂ ਉਹ ਸਕੂਲ ਨਜ਼ਦੀਕ ਪਹੁੰਚਿਆ ਤਾਂ ਕਿਸੇ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਦੀ ਮੌਤ ਹੋ ਗਈ।

ਇਸ ਸਬੰਧੀ ਥਾਣਾ ਦਸੂਹਾ ਦੇ ਜਾਂਚ ਅਧਿਕਾਰੀ ਏ. ਐੱਸ. ਆਈ. ਰਾਕੇਸ਼ ਕੁਮਾਰ ਨੇ ਦੱਸਿਆ ਕਿ 18 ਸਾਲਾ ਵਿਦਿਆਰਥੀ ਲਵਪ੍ਰੀਤ ਸਿੰਘ ਜੋ ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਸੂਹਾ 'ਚ ਬਾਰ੍ਹਵੀਂ ਕਲਾਸ ਦਾ ਵਿਦਿਆਰਥੀ ਸੀ, ਪੇਪਰ ਦੇਣ ਲਈ ਐਕਟਿਵਾ 'ਤੇ ਜਾ ਰਿਹਾ ਸੀ। ਸੰਤ ਅਰਜਨ ਸਿੰਘ ਖਾਲਸ ਸਕੂਲ ਦਸੂਹਾ ਨਜ਼ਦੀਕ ਇਕ ਵਾਹਨ ਦੀ ਲਪੇਟ 'ਚ ਆਉਣ ਕਾਰਨ ਉਸ ਦੀ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਦਸੂਹਾ ਵਿਖੇ ਪੋਸਟਮਾਰਟਮ 'ਚ ਰੱਖ ਦਿੱਤਾ ਗਿਆ। ਇਸ ਸਬੰਧੀ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਸੜਕ 'ਤੇ ਪਈ ਲਵਪ੍ਰੀਤ ਸਿੰਘ ਦੀ ਲਾਸ਼। (ਝਾਵਰ)

ਰੋਟਾਵੇਟਰ ਦੀ ਲਪੇਟ 'ਚ ਆਉਣ ਕਾਰਨ 14 ਸਾਲਾ ਲੜਕੇ ਦੀ ਗਈ ਜਾਨ

ਟਾਂਡਾ ਉੜਮੁੜ, (ਪੰਡਿਤ, ਜਸਵਿੰਦਰ)–ਪਿੰਡ ਰਾਂਦੀਆਂ 'ਚ ਦੇਰ ਸ਼ਾਮ ਖੇਤ 'ਚ ਵਾਪਰੇ ਹਾਦਸੇ 'ਚ ਰੋਟਾਵੇਟਰ ਦੀ ਲਪੇਟ 'ਚ ਆਉਣ ਕਾਰਨ ਇਕ 14 ਸਾਲਾ ਲੜਕੇ ਦੀ ਮੌਤ ਹੋ ਗਈ। ਮੌਤ ਦਾ ਸ਼ਿਕਾਰ ਹੋਏ ਲੜਕੇ ਦੀ ਪਛਾਣ ਬਲਰਾਜ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਪਿੰਡ ਰਾਂਦੀਆਂ ਦੇ ਰੂਪ 'ਚ ਹੋਈ ਹੈ। ਹਾਦਸੇ ਤੋਂ ਬਾਅਦ ਲੜਕੇ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਪਰ ਉਸ ਦੀ ਮੌਤ ਹੋ ਚੁੱਕੀ ਸੀ। ਬਲਰਾਜ ਰੋਟਾਵੇਟਰ ਦੀ ਲਪੇਟ 'ਚ ਕਿਨ੍ਹਾਂ ਹਾਲਾਤ 'ਚ ਆਇਆ ਫਿਲਹਾਲ ਇਸ ਦੀ ਜਾਣਕਾਰੀ ਨਹੀਂ ਮਿਲ ਸਕੀ।



ਮਾਮਲਾ ਅਧਿਆਪਕਾਂ ਦੀਆਂ ਹੱਕੀ ਮੰਗਾਂ ਨੂੰ ਅੱਖੋਂ-ਪਰੋਖੇ ਕਰਨ ਦਾ

ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸਰਕਾਰ ਖਿਲਾਫ 21 ਮਾਰਚ ਨੂੰ ਮਹਾ ਰੋਸ ਰੈਲੀ ਕਰਨ ਦਾ ਐਲਾਨ

ਮੋਗਾ, 12 ਮਾਰਚ (ਬਿੰਦਾ)–ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਹਰਜਿੰਦਰ ਪਾਲ ਸਿੰਘ ਪੰਨੂ, ਬਲਜਿੰਦਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਖਟੜਾ, ਧਰਮਜੀਤ ਸਿੰਘ ਢਿੱਲੋਂ ਦੀ ਸਾਂਝੀ ਅਗਵਾਈ ਵਿੱਚ ਮੋਗਾ ਵਿਖੇ ਸੂਬਾ ਪੱਧਰੀ ਇਕ ਹੰਗਾਮੀ ਮੀਟਿੰਗ ਕਰ ਕੇ ਫੈਸਲਾ ਕੀਤਾ ਕਿ 21 ਮਾਰਚ ਨੂੰ ਪੰਜਾਬ ਸਰਕਾਰ ਖਿਲਾਫ ਜਲੰਧਰ ਵਿਖੇ ਵਿਸ਼ਾਲ ਕਨਵੈਨਸ਼ਨ ਦੇ ਨਾਲ ਹੀ ਉਸੇ ਦਿਨ ਮਹਾ ਰੋਸ ਰੈਲੀ ਕੀਤੀ ਜਾਵੇਗੀ।

ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ 'ਚ ਸ਼ਾਮਿਲ (ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ (ਰਜਿ.), ਮਾਸਟਰ ਕੇਡਰ ਯੂਨੀਅਨ ਪੰਜਾਬ, ਸਿੱਖਿਆ ਵਿਭਾਗ ਮਨਿਸਟਰੀਅਲ ਸਟਾਫ ਐਸੋਸੀਏਸ਼ਨ ਪੰਜਾਬ, ਲੈਕਚਰਾਰ ਕੇਡਰ ਯੂਨੀਅਨ ਪੰਜਾਬ) ਦੇ ਆਗੂਆਂ ਨੇ ਮੀਟਿੰਗ ਵਿਚ ਦੱਸਿਆ ਕਿ ਪਰਖ ਕਾਲ ਐਕਟ, ਪੁਰਾਣੀ ਪੈਨਸ਼ਨ ਬਹਾਲੀ, ਵਿੱਤੀ ਮੰਗਾਂ ਡੀਏ ਦੀਆਂ ਬਕਾਇਆ 16ਫੀਸਦੀ ਕਿਸ਼ਤ, ਪੇਂਡੂ ਭੱਤਾ, ਅੰਗਹੀਣ ਭੱਤਾ, ਬਾਰਡਰ ਅਲਾਊਂਸ, ਪੇ-ਕਮਿਸ਼ਨ ਤਰੁੱਟੀਆ ਦੂਰ ਕਰਨ, ਏਸੀਪੀ, 245 ਕਾਮਰਸ ਲੈਕਚਰਾਰ ਰਿਵਰਸ਼ਨ ਆਦਿ ਮਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਸੰਜੀਦਾ ਨਹੀਂ ਹੈ ਅਤੇ ਜਦੋਂ ਵੀ ਅਧਿਆਪਕ ਅਤੇ ਮੁਲਾਜ਼ਮ ਇਨ੍ਹਾਂ ਹੱਕੀ ਮੰਗਾਂ ਸਬੰਧੀ ਕੋਈ

ਪੰਜਾਬ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ ਕਰਨ ਸਮੇਂ ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦੇ ਆਗੂ। (ਬਲਜੀਤ ਕਾਲਾ)

ਸੰਘਰਸ਼ ਕਰਦੀਆਂ ਹਨ ਤੇ ਪੰਜਾਬ ਸਰਕਾਰ ਹਮੇਸ਼ਾ ਹੀ ਸੰਘਰਸ਼ ਨੂੰ ਦਬਾਉਣ ਵਾਸਤੇ ਅਥਰੂ ਗੈਸ ਦੇ ਗੋਲੇ ਪਾਣੀ ਦੀਆਂ ਬੁਛਾੜਾਂ ਅਤੇ ਲਾਠੀਆਂ ਵਰ੍ਹਾਉਂਦੀ ਹੈ।

ਮੀਟਿੰਗ ਵਿਚ ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਲਿਆ ਕਿ 21 ਮਾਰਚ ਨੂੰ ਜਲੰਧਰ ਦੇ ਦੇਸ਼ ਭਗਤੀ ਯਾਦਗਾਰੀ ਹਾਲ ਵਿਖੇ ਇਕ ਵੱਡੀ ਕਨਵੈਨਸ਼ਨ ਕਰ ਕੇ ਮਹਾ ਰੋਸ ਰੈਲੀ ਦੇ ਰੂਪ 'ਚ ਰੋਸ ਮਾਰਚ ਵੀ ਕੀਤਾ ਜਾਵੇਗਾ ਅਤੇ ਜਦੋਂ ਤੱਕ ਪੰਜਾਬ ਸਰਕਾਰ ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਨਹੀਂ ਕਰਦੀ ਉਨਾ ਚਿਰ ਤਿੱਖੇ ਸੰਘਰਸ਼ ਜਾਰੀ ਰਹਿਣਗੇ।

ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਦੇ ਆਗੂਆਂ ਨੇ ਮੁੱਖ ਅਧਿਆਪਕ/ਮੁਲਾਜ਼ਮ ਵਰਗ ਨੂੰ 21 ਮਾਰਚ ਦੀ ਜਲੰਧਰ ਵਿਖੇ ਹੋ ਰਹੀ ਮਹਾ ਰੋਸ ਰੈਲੀ ਦਾ ਹਿੱਸਾ ਬਣਨ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਨੂੰ ਠੱਲ੍ਹ ਪਾਉਣ ਲਈ ਏਕੇ ਨੂੰ ਸੰਘਰਸ਼ 'ਚ ਵੱਡੀ ਸ਼ਮੂਲੀਅਤ ਕਰੋ।

ਅੱਜ ਦੀ ਮੀਟਿੰਗ ਵਿਚ ਹਰਜਿੰਦਰ ਪਾਲ ਸਿੰਘ ਪੰਨੂ, ਬਲਜਿੰਦਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਖਟੜਾ, ਧਰਮਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਰਿਆੜ, ਗੁਰਿੰਦਰ ਸਿੰਘ ਘੁਕੇਵਾਲੀ, ਦਲਜੀਤ ਸਿੰਘ ਸਭਰਵਾਲ, ਮਨਜਿੰਦਰ ਸਿੰਘ ਢਿੱਲੋ ਤਰਨਤਾਰਨ, ਪਰਮਪਾਲ ਸਿੰਘ ਰੂਬੀ ਮੋਗਾ, ਸੁਰਿੰਦਰ ਸ਼ਰਮਾ, ਸ਼ਮਸ਼ੇਰ ਸਿੰਘ ਮੋਗਾ, ਦਿਲਬਾਗ ਸਿੰਘ ਬੌਡੇ, ਸੁਰਜੀਤ ਸਮਰਾਟ, ਦਵਿੰਦਰ ਸਿੰਘ ਗੁਰੂ, ਨਵਦੀਪ ਸਿੰਘ ਅੰਮ੍ਰਿਤਸਰ, ਮੈਡਮ ਨਿਧੀ, ਮੈਡਮ ਕਰਮਜੀਤ ਕੌਰ, ਮੈਡਮ ਨੀਤੂ, ਗੁਰਮੁੱਖ ਸਿੰਘ ਮੋਗਾ, ਮਨਿੰਦਰ ਸਿੰਘ, ਬਲਦੇਵ ਰਾਮ, ਸੰਦੀਪ ਸਿੰਘ, ਇੰਦਰਪਾਲ ਸਿੰਘ, ਨਿਰਵੈਰ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਸਮਾਲਸਰ, ਜਤਿੰਦਰਪਾਲ ਸਿੰਘ, ਅਰੁਨ ਕੁਮਾਰ, ਬਲਰਾਜ ਕੋਕਰੀ, ਅੰਮ੍ਰਿਤਪਾਲ ਸਿੰਘ, ਜਸਬੀਰ ਸਿੰਘ, ਹਰਪ੍ਰੀਤ ਸਿੰਘ ਸਹਗਲ, ਬਲਵਿੰਦਰ ਸਿੰਘ ਢੀਪਾਂਵਾਲੀ ਫਾਜ਼ਿਲਕਾ, ਵਿਸ਼ਾਲ ਸ਼ਰਮਾ ਹਾਜ਼ਰ ਸਨ।

ਪੰਜਾਬ ਅੰਦਰ ਬਦਲਾਅ ਨਹੀਂ ਬਦਲਾ ਹੈ ਭਾਜਪਾ ਦਾ ਏਜੰਡਾ : ਦਲ ਖਾਲਸਾ

■ ਕਾਨੂੰਨ ਦੇ ਰਖਵਾਲੇ ਹੀ ਕਾਨੂੰਨ ਤੋੜਨ ਵਾਲੇ ਕੰਮ ਕਰ ਰਹੇ ਹਨ : ਜਸਟਿਸ ਰਣਜੀਤ ਸਿੰਘ

ਜਲੰਧਰ, 12 ਮਾਰਚ (ਰਾਜੂ ਅਰੋੜਾ)–ਸਥਾਨਕ ਇਕ ਨਿੱਜੀ ਹੋਟਲ ਵਿਚ ਦਲ ਖਾਲਸਾ ਨੇ ਆਯੋਜਿਤ ਪੰਥਕ ਸੰਮੇਲਨ ਦੌਰਾਨ ਭਾਰਤੀ ਗ੍ਰਹਿ ਮੰਤਰੀ ਨੂੰ ਉਨ੍ਹਾਂ ਦੀ ਮੋਗਾ ਵਿਚ ਹੋਣ ਵਾਲੀ 'ਬਦਲਾਅ ਰੈਲੀ' ਤੋਂ ਪਹਿਲਾਂ ਚੁਣੌਤੀ ਦਿੰਦਿਆਂ ਕਿਹਾ ਭਾਜਪਾ ਪੰਜਾਬ ਵਿਚ ਬਦਲਾਅ ਲਿਆਉਣ ਦੇ ਨਾਅਰੇ ਹੇਠ ਬਦਲਾ ਲੈਣ ਦੀ ਸੋਚ ਅਤੇ ਇਰਾਦਾ ਰੱਖਦੀ ਹੈ।

ਦਲ ਖਾਲਸਾ ਦੇ ਆਗੂਆਂ ਪਰਮਜੀਤ ਸਿੰਘ ਮੰਡ ਅਤੇ ਕੰਵਰਪਾਲ ਸਿੰਘ ਨੇ ਸੰਮੇਲਨ ਵਿਚ ਬੋਲਦਿਆਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ 14 ਮਾਰਚ ਨੂੰ ਮੋਗਾ ਵਿਚ ਭਾਜਪਾ ਦੀ 'ਬਦਲਾਅ ਰੈਲੀ' ਨੂੰ ਸੰਬੋਧਨ ਕਰਨ ਦੌਰਾਨ ਪੰਜਾਬ ਵਿਚ 'ਬਦਲਾਅ' ਦਾ ਨਾਅਰਾ ਦੇਣ ਤੋਂ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਦਮਨ, ਵਿਦੇਸ਼ਾਂ ਵਿਚ ਯੋਜਨਾਬੱਧ ਤਰੀਕੇ ਨਾਲ ਕੀਤੇ ਸਿੱਖ ਆਗੂਆਂ ਦੇ ਕਤਲ, ਫ਼ਰਜ਼ੀ ਪੁਲਸ ਮੁਕਾਬਲਿਆਂ ਅਤੇ ਪੁਲਸ ਨੂੰ ਗੈਰ-ਨਿਆਂਇਕ ਤਰੀਕੇ ਵਰਤਣ ਦੀ ਦਿੱਤੀ ਖੁੱਲ੍ਹ ਦਾ ਹਿਸਾਬ ਦੇਣ ਦੀ ਲੋੜ ਹੈ।

ਆਗੂਆਂ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬੀਆਂ ਨੂੰ ਬਦਲਾਅ ਦਾ ਨਾਅਰਾ ਦੇ ਕੇ ਭਰਮਾਇਆ ਜਾ ਰਿਹਾ ਹੈ ਪਰ ਲੋਕਾਂ ਨੂੰ ਇਹ ਜਾਣਨ ਅਤੇ ਪੁੱਛਣ ਦਾ ਪੂਰਾ ਹੱਕ ਹੈ ਕਿ ਕੀ ਇਹ ਪੰਜਾਬ ਅਤੇ ਖਾਸ ਕਰ ਕੇ

ਪੰਥਕ ਸੰਮੇਲਨ ਦੌਰਾਨ ਸੰਬੋਧਨ ਕਰਦੇ ਪਰਮਜੀਤ ਸਿੰਘ ਮੰਡ, ਕੰਵਰਪਾਲ ਸਿੰਘ ਤੇ ਸਿਮਰਨਜੀਤ ਸਿੰਘ ਮਾਨ, ਨਾਲ ਸਟੇਜ 'ਤੇ ਬਿਰਾਜਮਾਨ ਹੋਰ ਪੰਥਕ ਸ਼ਖ਼ਸੀਅਤਾਂ। (ਰਾਜੂ)

ਸਿੱਖਾਂ ਲਈ ਬਦਲਾਅ ਲਿਆਉਣ ਲਈ ਕੋਸ਼ਿਸ਼ ਹੈ ਜਾਂ ਬਦਲਾ ਲੈਣ ਦੀ ਮਨਸ਼ਾ ਹੈ? ਉਨ੍ਹਾਂ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਦਿੱਲੀ ਹਕੂਮਤ ਦੀ ਦਮਨਕਾਰੀ ਨੀਤੀਆਂ ਨੂੰ ਚੁਣੌਤੀ ਦੇਣ ਅਤੇ ਲੋਕ ਹਿੱਤਾਂ ਦੀ ਖ਼ਾਤਰ ਪੰਜਾਬ ਅਤੇ ਸਿੱਖਾਂ ਨੂੰ ਇਸ ਦੀ ਕੀਮਤ ਤਾਰਨੀ ਪੈ ਰਹੀ ਹੈ।

ਸੰਮੇਲਨ ਨੂੰ ਸੇਵਾਮੁਕਤ ਜਸਟਿਸ ਰਣਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ, ਐੱਸ. ਜੀ. ਪੀ. ਸੀ. ਮੈਂਬਰ ਗੁਰਚਰਨ ਸਿੰਘ ਗਰੇਵਾਲ, ਪ੍ਰੋਫੈਸਰ ਜਗਮੋਹਨ ਸਿੰਘ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਨਰਾਇਣ ਸਿੰਘ ਅਤੇ ਹੋਰਨਾਂ ਪੰਥਕ ਆਗੂਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਪੰਜਾਬ ਦੇ ਅਧਿਕਾਰੀਆਂ ਵੱਲੋਂ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਸੁਰੱਖਿਆ ਲਈ ਖ਼ਤਰਾ ਦਰਸਾ ਕੇ ਤਿੰਨ ਸਾਲਾਂ ਤੋਂ ਨਜ਼ਰਬੰਦ ਰੱਖਣ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

ਜਸਟਿਸ ਰਣਜੀਤ ਸਿੰਘ ਨੇ ਝੂਠੇ ਮੁਕਾਬਲਿਆਂ ਅਤੇ ਦਾਗੀ ਪੁਲਸ ਅਫਸਰਾਂ ਨੂੰ ਸਜ਼ਾ ਤੋਂ ਛੋਟ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਜੋ ਰਖਵਾਲੇ ਹਨ ਉਹੀ ਕਾਨੂੰਨ ਤੋੜਨ ਵਾਲੇ ਕੰਮ ਕਰ ਰਹੇ ਹਨ।

ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਰਾਜਸੀ ਬਾਗੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਏਜੰਸੀਆਂ ਵੱਲੋਂ ਪੰਜਾਬ ਵਿਚ ਵੀ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿਚ ਨਿਆਂ ਵਿਭਾਗ ਨੇ ਗੁਰਪਤਵੰਤ ਸਿੰਘ ਪੰਨੂ ਨੂੰ ਨਿਸ਼ਾਨਾ ਬਣਾਉਣ ਦੀ ਨਾਕਾਮ ਸਾਜ਼ਿਸ਼ ਲਈ ਸਾਬਕਾ ਭਾਰਤੀ ਏਜੰਸੀ ਰਾਅ ਏਜੰਟ ਵਿਕਾਸ ਯਾਦਵ 'ਤੇ ਦੋਸ਼ ਲਗਾਇਆ ਅਤੇ ਪਿਛਲੇ ਮਹੀਨੇ ਭਾਰਤੀ ਏਜੰਟ ਨਿਖਿਲ ਗੁਪਤਾ ਨੇ ਇਸ ਮਾਮਲੇ ਵਿਚ ਦੋਸ਼ ਕਬੂਲ ਕਰ ਲਏ।

ਜਸਵਿੰਦਰ ਪੰਜੋਲੀ ਅਤੇ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਸਮੇਂ ਲਈ ਪਹਿਲਾ ਅਤੇ ਸਭ ਤੋਂ ਚਿੰਤਾਜਨਕ ਸਵਾਲ ਬੰਦੀ ਸਿੰਘਾਂ ਨਾਲ ਜੁੜਿਆ ਹੈ ਕਿਉਂ ਕਿ ਉਹ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਕਈ ਦਹਾਕਿਆਂ ਤੋਂ ਜੇਲਾਂ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਜੇਕਰ ਨਿਆਂ ਦਾ ਮਤਲਬ ਨਿਰਪੱਖ ਅਤੇ ਸਮਾਂਬੱਧ ਹੋਣਾ ਹੈ ਤਾਂ ਸਿੱਖ ਕੈਦੀਆਂ ਨੂੰ ਸਟੇਟ ਦੇ ਨਿਯਮਾਂ ਅਨੁਸਾਰ ਰਿਹਾਈ ਕਿਉਂ ਨਹੀਂ ਮਿਲੀ।

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-2, ਬਟਾਲਾ

ਵਿਸ਼ਾ : ਮਾਲ ਰਿਕਾਰਡ ਵਿਚ ਨਾਮ ਦੀ ਦਰੁਸਤੀ ਕਰਨ ਸੰਬੰਧੀ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਲਦੇਵ ਸਿੰਘ ਉਰਫ ਹਰਦੇਵ ਸਿੰਘ ਨੇ ਇਕ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਪਿੰਡ ਸੋਹਵਪੁਰ ਹ.ਬ ਨੰਬਰ 219 ਤਹਿਸੀਲ ਬਟਾਲਾ ਵਿਖੇ ਹੈ। ਜਮ੍ਹਾਂਬੰਦੀ ਸਾਲ 2020-21 ਜਿਸ 'ਚ ਉਸਦਾ ਨਾਮ ਹਰਦੇਵ ਸਿੰਘ ਆਪ ਰਿਹਾ ਹੈ ਜੋ ਕਿ ਗਲਤ ਹੈ। ਇਸ ਲਈ ਉਸਦਾ ਨਾਮ ਮਾਲ ਰਿਕਾਰਡ 'ਚ ਦਰੁਸਤ ਕਰਕੇ ਬਲਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਕੀਤਾ ਜਾਵੇ। ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਜਾਂ ਕਿਸੇ ਰਿਸ਼ਤੇਦਾਰ ਨੂੰ ਮਾਲ ਰਿਕਾਰਡ ਵਿਚ ਦਰਜ ਨਾਮ ਹਰਦੇਵ ਸਿੰਘ ਦੀ ਜਗ੍ਹਾ 'ਤੇ ਬਲਦੇਵ ਸਿੰਘ ਕਰਨ ਵਿਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਸਮਾਂ ਬੀਤ ਜਾਣ ਉਪਰੰਤ ਕੋਈ ਉਜਰ ਨਹੀਂ ਸੁਣਿਆ ਜਾਵੇਗਾ।

ਅੱਜ ਮਿਤੀ ..... ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤ ਮੋਹਰ ਨਾਲ ਜਾਰੀ ਹੋਇਆ।

ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ
2127/ 9/3/2026 ਦਰਜਾ-2, ਬਟਾਲਾ।

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-2, ਬਟਾਲਾ

ਵਿਸ਼ਾ : ਮਾਲ ਰਿਕਾਰਡ ਵਿਚ ਨਾਮ ਦੀ ਦਰੁਸਤੀ ਕਰਨ ਸੰਬੰਧੀ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਜਸਬੀਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਮੀਰਪੁਰ, ਤਹਿਸੀਲ ਬਟਾਲਾ ਨੇ ਇਕ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਪਿੰਡ ਮੀਰਪੁਰ ਹ.ਬ. ਨੰਬਰ 141 ਤਹਿਸੀਲ ਬਟਾਲਾ ਵਿਖੇ ਹੈ। ਜਮ੍ਹਾਂਬੰਦੀ 2022-23 ਵਿਚ ਉਨ੍ਹਾਂ ਦਾ ਨਾਮ ਜੱਸਾ ਸਿੰਘ ਪੁੱਤਰ ਸਵਰਨ ਸਿੰਘ ਲਿਖ ਦਿੱਤਾ ਗਿਆ ਹੈ। ਇਸ ਲਈ ਮੇਰੇ ਨਾਮ ਦੀ ਦਰੁਸਤੀ ਕਰਕੇ ਮੇਰਾ ਨਾਮ ਸਹੀ ਕਰਕੇ ਜਸਬੀਰ ਸਿੰਘ ਪੁੱਤਰ ਸਵਰਨ ਸਿੰਘ ਦਰਜ ਕੀਤਾ ਜਾਵੇ। ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਜਾਂ ਕਿਸੇ ਰਿਸ਼ਤੇਦਾਰ ਨੂੰ ਮਾਲ ਰਿਕਾਰਡ ਵਿਚ ਦਰਜ ਨਾਮ ਜੱਸਾ ਸਿੰਘ ਪੁੱਤਰ ਸਵਰਨ ਸਿੰਘ ਦੀ ਜਗ੍ਹਾ ਜਸਬੀਰ ਸਿੰਘ ਪੁੱਤਰ ਸਵਰਨ ਸਿੰਘ ਕਰਨ ਵਿਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਸਮਾਂ ਬੀਤ ਜਾਣ ਉਪਰੰਤ ਕੋਈ ਉਜਰ ਨਹੀਂ ਸੁਣਿਆ ਜਾਵੇਗਾ।

ਅੱਜ ਮਿਤੀ ..... ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤ ਮੋਹਰ ਨਾਲ ਜਾਰੀ ਹੋਇਆ।

ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ
2084 ਰੀਡਰ 13/2/2026 ਦਰਜਾ-2, ਬਟਾਲਾ।

ਕੋਟਕਪੂਰਾ ਵਿਖੇ ਖਾਲੀ ਪਲਾਟ 'ਚੋਂ ਮਿਲੇ ਗੁਟਕਾ ਸਾਹਿਬ ਦੇ ਸਰੂਪ, ਕੇਸ ਦਰਜ

ਕੋਟਕਪੂਰਾ, 12 ਮਾਰਚ (ਨਰਿੰਦਰ)–ਕੋਟਕਪੂਰਾ ਦੀ ਨਵੀਂ ਅਨਾਜ ਮੰਡੀ ਨੇੜੇ ਇਕ ਸੁੰਨਸਾਨ ਖਾਲੀ ਪਲਾਟ 'ਚੋਂ ਅੱਜ ਗੁਟਕਾ ਸਾਹਿਬ ਦੇ ਸਰੂਪ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਸ਼ਹੀਦ ਜੋਧ ਸਿੰਘ ਰੋਡ ਦੀ ਗਲੀ ਨੰਬਰ-6 ਦੇ ਇਕ ਪਲਾਟ 'ਚ ਪਏ ਕਰੇਟ 'ਚੋਂ ਗੁਟਕਾ ਸਾਹਿਬ ਦੇ 6 ਸਰੂਪ ਬਰਾਮਦ ਹੋਏ, ਜਿਨ੍ਹਾਂ 'ਚੋਂ ਕੁਝ ਬ੍ਰਿਧ ਅਵਸਥਾ 'ਚ ਸਨ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐੱਸ. ਐੱਸ. ਪੀ. ਫਰੀਦਕੋਟ ਡਾ. ਪ੍ਰਗਿਆ ਜੈਨ, ਡੀ. ਐੱਸ. ਪੀ. ਕੋਟਕਪੂਰਾ ਸੰਜੀਵ ਕੁਮਾਰ ਅਤੇ ਐੱਸ. ਐੱਚ. ਓ. ਚਮਕੌਰ ਸਿੰਘ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ।

ਡਾ. ਪ੍ਰਗਿਆ ਜੈਨ ਐੱਸ. ਐੱਸ. ਪੀ. ਫਰੀਦਕੋਟ ਘਟਨਾ ਸਥਾਨ ਦਾ ਜਾਇਜ਼ਾ ਲੈਂਦੇ ਹੋਏ। (ਰਾਮਕ੍ਰਿਸ਼ਨ)

ਗੁਟਕਾ ਸਾਹਿਬ ਦੇ ਸਾਰੇ ਸਰੂਪ ਪੂਰਨ ਮਰਿਆਦਾ ਸਹਿਤ ਸਥਾਨਕ ਗੁਰਦੁਆਰਾ ਚੁੱਲਾ ਸਾਹਿਬ ਵਿਖੇ ਰੱਖਵਾਏ ਗਏ ਹਨ। ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਇਕ ਰਾਹਗੀਰ ਨੇ ਕਰੇਟ 'ਚ ਸਰੂਪ ਪਏ ਦੇਖ ਕੇ ਗੁਰਦੁਆਰਾ ਚੁੱਲਾ ਸਾਹਿਬ ਦੇ ਪ੍ਰਬੰਧਕਾਂ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਜਗਜੀਤ ਸਿੰਘ, ਬਾਬਾ ਲਖਵੀਰ ਸਿੰਘ (ਕਿਲਾ ਸਾਹਿਬ), ਖੁਸ਼ਕਰਨ ਸਿੰਘ ਭਾਣਾ, ਗੁਰਪ੍ਰੀਤ ਸਿੰਘ ਪੰਜਗਰਾਈ, ਹਰਪ੍ਰੀਤ ਸਿੰਘ ਹੈਪੀ ਖਾਲਸਾ, ਜਗਸੀਰ ਸਿੰਘ ਅਤੇ ਸ਼ੇਰ ਸਿੰਘ ਖਾਲਸਾ ਮੌਕੇ 'ਤੇ ਪੁੱਜੇ। ਡੀ. ਐੱਸ. ਪੀ. ਸੰਜੀਵ ਕੁਮਾਰ ਨੇ ਦੱਸਿਆ ਕਿ ਇਹ ਲਾਪਰਵਾਹੀ ਹੈ ਜਾਂ ਕੋਈ ਸ਼ਰਾਰਤ, ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਮਹਿਲਾਵਾਂ ਆਪਣੀ ਸੁਰੱਖਿਆ ਬਾਰੇ ਸੁਚੇਤ ਰਹਿਣ : ਕਮਾਂਡੈਂਟ ਕਮਲ ਸਿਸੌਦੀਆ

ਜਲੰਧਰ/ਚੰਡੀਗੜ੍ਹ 12 ਮਾਰਚ (ਧਵਨ)–ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੈਂਟਰ ਫਾਰ ਪਬਲਿਕ ਹੈਲਥ ਵਲੋਂ 'ਫਿਫਥ ਜਨਰੇਸ਼ਨ' ਵਿਸ਼ੇ 'ਤੇ ਇਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮਕਸਦ ਮਹਿਲਾ ਲੀਡਰਸ਼ਿਪ, ਸਿਹਤ ਜਾਗਰੂਕਤਾ, ਸਿੱਖਿਆ ਅਤੇ ਸਮਾਜ ਵਿਚ ਮਹਿਲਾਵਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਉਜਾਗਰ ਕਰਨਾ ਸੀ।

ਪ੍ਰੋਗਰਾਮ ਵਿਚ ਹਿੱਸਾ ਲੈਂਦੀ ਸੀ. ਆਰ. ਪੀ. ਐੱਫ. ਦੀ ਕਮਾਂਡੈਂਟ ਕਮਲ ਸਿਸੌਦੀਆ।

ਪ੍ਰੋਗਰਾਮ ਵਿਚ ਸੀ. ਆਰ. ਪੀ. ਐੱਫ. ਦੀ 13ਵੀਂ ਬਟਾਲੀਅਨ ਦੀ ਕਮਾਂਡੈਂਟ ਸ਼੍ਰੀਮਤੀ ਕਮਲ ਸਿਸੌਦੀਆ ਮੁੱਖ ਬੁਲਾਰੇ ਵਜੋਂ ਹਾਜ਼ਰ ਰਹੇ। ਆਪਣੇ ਪ੍ਰੇਰਨਾਦਾਇਕ ਸੰਬੋਧਨ ਵਿਚ ਉਨ੍ਹਾਂ ਨੇ ਮਹਿਲਾਵਾਂ ਦੀ ਭੂਮਿਕਾ, ਉਨ੍ਹਾਂ ਦੀ ਆਤਮ-ਨਿਰਭਰਤਾ ਅਤੇ ਸਮਾਜ ਵਿਚ ਉਨ੍ਹਾਂ ਦੀ ਵਧਦੀ ਹਿੱਸੇਦਾਰੀ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦਾ ਸਸ਼ਕਤ ਹੋਣਾ ਨਾ ਸਿਰਫ਼ ਪਰਿਵਾਰ ਸਗੋਂ ਪੂਰੇ ਸਮਾਜ ਦੇ ਵਿਕਾਸ ਲਈ ਬੇਹੱਦ ਜ਼ਰੂਰੀ ਹੈ।

ਕਮਾਂਡੈਂਟ ਕਮਲ ਸਿਸੌਦੀਆ ਨੇ ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਦੀ ਸਿਹਤ, ਮਾਹਵਾਰੀ ਦੀ ਸਵੱਛਤਾ ਅਤੇ ਸੈਨੇਟਰੀ ਪੈਡ ਦੀ ਵਰਤੋਂ ਦੇ ਮਹੱਤਵ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਸਮਾਜ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਖੁੱਲ੍ਹ ਕੇ ਚਰਚਾ ਹੋਣੀ ਵੀ ਉਨੀ ਹੀ ਲੋੜੀਂਦੀ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ 'ਗੁੱਡ ਟੱਚ' ਅਤੇ 'ਬੈਡ ਟੱਚ' ਪ੍ਰਤੀ ਜਾਗਰੂਕ ਰਹਿਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਮਹਿਲਾਵਾਂ ਤੇ ਬਾਲੜੀਆਂ ਨੂੰ ਸਵੈ-ਮਾਣ ਬਣਾਏ ਰੱਖਣ ਅਤੇ ਆਪਣੀ ਸੁਰੱਖਿਆ ਪ੍ਰਤੀ ਸੁਚੇਤ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦਿਵਿਆਂਗਜਨਾਂ ਪ੍ਰਤੀ ਹਮਦਰਦੀ, ਸੰਵੇਦਨਸ਼ੀਲਤਾ ਅਤੇ ਸਮਾਜਿਕ ਸਹਿਯੋਗ ਨੂੰ ਹੁਲਾਰਾ ਦੇਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਕਮਾਂਡੈਂਟ ਸਿਸੌਦੀਆ ਨੇ ਦੱਸਿਆ ਕਿ ਆਪਣੇ ਵੱਖ-ਵੱਖ ਲਾਈਵ ਸੈਸ਼ਨਾਂ ਰਾਹੀਂ ਉਹ ਦੇਸ਼ ਭਰ ਵਿਚ 50,000 ਤੋਂ ਵੱਧ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਪ੍ਰੇਰਿਤ ਕਰ ਚੁੱਕੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਆਨਲਾਈਨ ਪਲੇਟਫਾਰਮਾਂ ਰਾਹੀਂ ਵੀ ਹਜ਼ਾਰਾਂ ਲੋਕ ਉਨ੍ਹਾਂ ਦੇ ਵਿਚਾਰਾਂ ਅਤੇ ਤਜਰਬਿਆਂ ਤੋਂ ਪ੍ਰੇਰਨਾ ਅਤੇ ਮਾਰਗਦਰਸ਼ਨ ਪ੍ਰਾਪਤ ਕਰ ਰਹੇ ਹਨ। ਪੰਜਾਬ ਯੂਨੀਵਰਸਿਟੀ ਵਿਚ ਆਯੋਜਿਤ ਇਹ ਸੈਸ਼ਨ ਨੌਜਵਾਨਾਂ ਨੂੰ ਪ੍ਰੇਰਿਤ ਕਰਨ, ਮਹਿਲਾਵਾਂ ਨੂੰ ਸਸ਼ਕਤ ਬਣਾਉਣ ਅਤੇ ਇਕ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਦੇ ਸੰਕਲਪ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿਚ ਮਹੱਤਵਪੂਰਨ ਕਦਮ ਸਾਬਿਤ ਹੋਇਆ। ਪ੍ਰੋਗਰਾਮ ਦੇ ਅੰਤ ਵਿਚ ਪ੍ਰਬੰਧਕਾਂ ਨੇ ਕਮਾਂਡੈਂਟ ਸ਼੍ਰੀਮਤੀ ਕਮਲ ਸਿਸੌਦੀਆ ਨੂੰ ਸਨਮਾਨਿਤ ਕੀਤਾ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 30.03.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਪੈਕੇਟ ਪ੍ਰਣਾਲੀ	ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ
ਖੁਲਾ	ਕੰਮ	ਸਿੰਗਲ ਅਤੇ ਸੈਕਿੰਡ ਪੈਕੇਟ ਪ੍ਰਣਾਲੀ	06.03.2026	16.03.2026	30.03.2026/ 15:00 ਵਜੇ

ਨਿਵਿਦਾ ਨੰ. ਮਿਤੀ	ਨਿਵਿਦਾ ਦਾ ਵੇਰਵਾ			
237- 2025-26- DEN-HQ- FZR	ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਫਰੀਦਕੋਟ, ਕੋਟਕਪੁਰਾ, ਮੁਕਤਸਰ, ਮੋਗਾ, ਡਗਰੂ, ਅਜੀਤਵਾਲ, ਜਗਰੋਂਨ, ਚੌਕਿਮਾਨ, ਬਰੀਵਾਲਾ, ਲਾਖੇਵਾਲੀ, ਗੋਲੇਹਵਾਲਾ, ਗਿਆਨੀ ਜੇਲ ਸਿੰਘ ਸੰਧਵਾਨ, ਰੋਮਨ ਅਲਬੇਲ ਸਿੰਘ, ਚਾਂਦ ਭਾਨ, ਗੰਗਸਰ ਜੈਤੋਂ ਅਤੇ ਗੋਨੇਆਨਾ ਭਾਈ ਜਗਤਾ ਸਟੇਸ਼ਨ ਯਾਰਡਾਂ ਵਿਚ ਸੁਧਾਰ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਫਿਰੋਜਪੁਰ ਦੇ ਤਹਿਤ ਮਖੂ, ਝੋਕ ਟਹਲ ਸਿੰਘ, ਗੁਰੂ ਹਰਸਹਾਈ, ਲਧੂਕਾ, ਫਾਜਿਲਕਾ, ਜਲਾਲਾਬਾਦ, ਫਿਰੋਜਪੁਰ ਸਿਟੀ, ਫਿਰੋਜਪੁਰ, ਚੁਹਿਵਾਲਾ, ਧਨਾ ਅਤੇ ਖੁਈ ਖੇਰਾ ਸਟੇਸ਼ਨ ਯਾਰਡਾਂ ਵਿਚ ਸੁਧਾਰ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	3,79,62,970.59	3.39,800,00	60 ਦਿਨ	12 ਮਹੀਨੇ
ਸਮਾਨ ਕੰਮ ਦੀ ਨੇਚਰ: "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਹੇ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪਹਿਲਾਂ ਅਤੇ ਬਾਅਦ ਦਾ ਕੰਮ ਸ਼ਾਮਲ ਹੈ, ਟੀ-28 ਦੁਆਰਾ।"				
241- 2025-26 -DEN-HQ- FZR	ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਦੇ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਫਿਰੋਜਪੁਰ ਦੇ ਅਨੁਭਾਗ ਵਿਚ ਇਲੈਕਟ੍ਰਾਨਿਕ ਪ੍ਰਕਾਰ ਦੇ ਰੇਲ ਗੇਜ ਫੇਸ ਲੁਬ੍ਰਿਕੇਟਰ 27 ਨਗ (27x12x5 ਸਾਲ = 1620 ਮਹੀਨੇ) ਅਤੇ 379 ਨਗ (379x12x5 = 22740 ਮਹੀਨੇ) ਦੀ ਸੰਖਿਆ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	4,67,79,572.25	3,83,900.00	90 ਦਿਨ	60 ਮਹੀਨੇ
ਸਮਾਨ ਕੰਮ ਦੀ ਨੇਚਰ: "ਇਸ ਨਿਵਿਦਾ ਵਿਚ ਕੇਵਲ ਟ੍ਰੈਕ ਆਧਾਰਿਤ ਲੁਬ੍ਰਿਕੇਟ ਦੇ ਲਈ ਆਰਡੀਐਸਓ ਦੁਆਰਾ ਅਨੁਮੋਦਿਤ ਵਿਕ੍ਰੇਤਾ ਹੀ ਭਾਗ ਲੈ ਸਕਦੇ ਹਨ। ਅਨੁਮੋਦਨ ਪ੍ਰਮਾਣ ਪੱਤਰ ਦੀ ਵੈਲੇਡਿਟੀ ਮਿਤੀ ਸਮੇਤ ਪ੍ਰਤੀ ਨਿਵਿਦਾ ਦੇ ਨਾਲ ਜਮ੍ਹਾ ਕਰਨੀ ਹੋਵੇਗੀ।"				
247- 2025-26-ADEN-1 -FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਫਿਰੋਜਪੁਰ ਮਾਰਗ ਤੇ ਸਥਿਤ ਪਾਣੀ ਭਰਨ ਤੋਂ ਗ੍ਰਸਤ ਸੀਮਿਤ ਉਚਾਈ ਵਾਲੇ ਸਬਵੇ ਨੰਬਰ ਸੀ-52 ਅਤੇ ਸੀ-53 ਅਤੇ ਲੁਧਿਆਣਾ-ਫਿਰੋਜਪੁਰ ਮਾਰਗ ਤੇ ਸਥਿਤ ਐਸ-6, ਸੀ-23, ਸੀ-24 ਅਤੇ ਏ-28 ਵਿਚ ਕਵਰ ਸ਼ੇਡ ਦਾ ਪ੍ਰਾਵਧਾਨ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	4,44,44,218.68	3,72,200.00	60 ਦਿਨ	12 ਮਹੀਨੇ
ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"				
248- 2025-26- ADEN-1 -FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਫਿਰੋਜਪੁਰ ਮਾਰਗ ਤੇ ਸਥਿਤ ਪਾਣੀ ਭਰਨ ਤੋਂ ਗ੍ਰਸਤ ਸੀਮਿਤ ਉਚਾਈ ਵਾਲੇ ਸਬਵੇ ਨੰਬਰ ਸੀ-80, ਸੀ-82, ਸੀ-83, ਸੀ-85 ਅਤੇ ਸੀ-86 ਵਿਚ ਕਵਰ ਸ਼ੇਡ ਦਾ ਪ੍ਰਾਵਧਾਨ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	3,88,00,134.38	3,44,000.00	60 ਦਿਨ	12 ਮਹੀਨੇ
ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"				
249- 2025-26- ADEN-2 -FZR	ਮੰਡਲ ਇੰਜੀਨੀਅਰ-ਹੈਡਕੁਆਟਰ/ ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਜਲੰਧਰ ਸ਼ਹਿਰ-ਫਿਰੋਜਪੁਰ ਸੈਕਸ਼ਨ ਵਿਚ ਗੰਭੀਰ ਰੂਪ ਨਾਲ ਪਾਣੀ ਭਰਨ ਲੇਵਲ ਕ੍ਰਾਸਿੰਗ ਸੀ-63, ਸੀ-64, ਸੀ-115 ਅਤੇ ਸੀ-133 ਤੇ ਸਥਿਤ ਸੀਮਿਤ ਉਚਾਈ ਵਾਲੇ ਸਬਵੇ ਵਿਚ 04 ਤੇ ਕਵਰ ਸ਼ੇਡ ਦਾ ਪ੍ਰਾਵਧਾਨ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	3,32,72,136.32	3,16,400.00	60 ਦਿਨ	12 ਮਹੀਨੇ
ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"				
250- 2025-26- ADEN-2 -FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਫਿਰੋਜਪੁਰ ਦੇ ਤਹਿਤ ਫਿਰੋਜਪੁਰ ਸ਼ਹਿਰ-ਫਾਜਿਲਕਾ ਮਾਰਗ ਤੇ ਸਥਿਤ ਪਾਣੀ ਭਰਾਓ ਤੋਂ ਗ੍ਰਸਤ ਸੀਮਿਤ ਉਚਾਈ ਵਾਲੇ ਸਬਵੇ ਨੰਬਰ ਸੀ-64, ਸੀ-84, ਅਤੇ ਸੀ-85 ਅਤੇ ਜਲੰਧਰ ਸ਼ਹਿਰ-ਫਿਰੋਜਪੁਰ ਮਾਰਗ ਤੇ ਸਥਿਤ ਏ-27 ਏ ਅਤੇ ਸੀ-36 ਵਿਚ ਕਵਰ ਸ਼ੇਡ ਦਾ ਪ੍ਰਾਵਧਾਨ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	4,49,88,000.97	3,75,000.00	60 ਦਿਨ	12 ਮਹੀਨੇ
ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"				

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 237, 241-2025-26-DEN-HQ-FZR & 247, 248-2025-26-ADEN-1-FZR & 249, 250-2025-26-ADEN-FZR-2

ਤਾਰੀਕ : 09.03.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 834/2026

Notice inviting Bid

The Punjab Waqf Board intends to lease out its following properties as per the waqf properties lease rules 2014 through bids to be held on 19.3.26 at 10.00 AM to 4.00PM at office of Punjab waqf board opp. Vishal Mega Mart B/s Income Tax Office, Batala road Gurdaspur Distt. Gurdaspur.

Sr. No.	Property Location	Kh. Nos	Area	Purpose	Period	Reserve Price
1.	Khajuri Gate Batala Teh. Batala	1961	Lease out 40.22 sq. yd out of 2K-1M	Commercial	35 Months	3100/- p.m.
2.	Vill. Ghorewah Teh. Kahnuwan, Distt. Gurdaspur	60	Lease out 18K out of 18K-12M	Agriculture	3 years	29000/- per annum

The interested persons for the above properties may reach in branch office in Punjab waqf board Opp. Vishal Mega Mart B/S Income Tax Office, Batala road Gurdaspur on dated 19.03.26 at 12 PM to 4.00 PM. Remaining terms and conditions shall be briefed at the spot., Right to adjourn or cancel the auction is with the Estate officer.

Sd/-Estate Officer
PWB, Gurdaspur.

ਪੰਜਾਬ ਨੈਸ਼ਨਲ ਬੈਂਕ

...ਬਿਹਤਰੀ ਲਈ ਇਕਜੁੱਟ

ਸਰਕਲ ਆਫਿਸ : ਕਪੂਰਥਲਾ, ਪੀ. ਐੱਨ. ਬੀ. ਹਾਊਸ, ਸੱਤ ਨਾਰਾਇਣ ਬਾਜ਼ਾਰ, ਨੇੜੇ ਨਟਰਾਜ ਹੋਟਲ, ਕਪੂਰਥਲਾ, ਫੋਨ : 84271 33773

ਈ-ਨਿਲਾਮੀ ਵਿਕਰੀ ਨੋਟਿਸ

ਈ-ਨਿਲਾਮੀ ਦੀ ਮਿਤੀ 30.03.2026 (ਸਿਰਫ ਈ-ਨਿਲਾਮੀ ਰਾਹੀਂ ਵਿਕਰੀ)

ਸਰਫੇਸੀ ਐਕਟ ਦੇ ਸਕਿਓਰਿਟੀ ਇੰਟ੍ਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6 ਤੇ 9 ਨਾਲ ਪੜ੍ਹੇ ਜਾਂਦੇ ਰੂਲ 8(6)/9(1) ਤਹਿਤ ਆਮ ਜਨਤਾ ਨੂੰ ਵਿਧਾਨਕ ਵਿਕਰੀ ਨੋਟਿਸ। ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ।

1. ਵਿਕਰੀ ਵੈੱਬਸਾਈਟ https://baanknet.com/ 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਕਰਵਾਈ ਜਾਵੇਗੀ।
2. ਈ. ਐੱਮ. ਡੀ. ਤੇ ਕੇ. ਵਾਈ. ਸੀ. ਪੋਰਟਲ https://baanknet.com/ ਰਾਹੀਂ ਆਨਲਾਈਨ ਕੀਤੀ ਜਾਵੇਗੀ।

ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ ਦਾ ਸੰਕੇਤਕ/ਦਸਤੀ/ਰਚਨਾਤਮਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬੈਂਕ/ਸਕਿਓਰਡ ਕ੍ਰੈਡਿਟਰ ਦੇ ਬਕਾਇਆਂ ਦੀ ਵਸੂਲੀ ਲਈ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਰਕਮ ਬਿਆਨਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਸਾਹਮਣੇ ਦੱਸੇ ਅਨੁਸਾਰ ਹੋਣਗੀਆਂ।

ਲੜੀ ਨੰ.	ਬ੍ਰਾਂਚ ਦਾ ਨਾਂ / ਈ-ਮੇਲ ਆਈ. ਡੀ., ਮੋਬਾਈਲ ਨੰ. / ਅਕਾਊਂਟ ਦੇ ਕਰਜ਼ਦਾਰ/ ਗਾਰੰਟਰ ਦਾ ਨਾਂ ਤੇ ਪਤੇ	ਮਾਰਟਗੇਜਡ ਸਕਿਓਰਡ ਅਸਾਸਿਆਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ / ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ. ਐੱਮ. ਡੀ. ਰਕਮ / ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਮਿਤੀ/ਸਮਾਂ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
			ਬਕਾਇਆ ਰਕਮ			
ਸਰਫੇਸੀ ਐਕਟ, 2002 ਦੇ ਰੂਲ-9(1) ਤਹਿਤ 15 ਦਿਨਾ ਵਿਧਾਨਕ ਵਿਕਰੀ ਨੋਟਿਸ						
1.	ਬੀ./ਓ.: ਕਪੂਰਥਲਾ ਜਲੰਧਰ ਰੋਡ (025800) ਈ-ਮੇਲ : bo0258@pnb.bank.in ਮੋਬ. : 98551-58572 ਮੈਸਰਜ਼ ਮੁੰਨਾ ਟਰੇਡਿੰਗ ਕੰਪਨੀ ਇਸ ਦੇ ਮਾਲਕ ਰੋਸ਼ਨ ਲਾਲ ਪੁੱਤਰ ਸੋਹਣ ਲਾਲ, ਨੇੜੇ ਸੰਗਮ ਪੈਲੇਸ, ਅੰਮ੍ਰਿਤਸਰ ਰੋਡ, ਕਪੂਰਥਲਾ, ਪੰਜਾਬ-144601 ਅਤੇ ਦਮਨਪ੍ਰੀਤ ਪੁੱਤਰ ਰੋਸ਼ਨ ਲਾਲ ਤੇ ਰੋਸ਼ਨ ਲਾਲ ਪੁੱਤਰ ਸੋਹਣ ਲਾਲ (ਟੀ/ਐੱਲ ਹਾਊਸਿੰਗ 'ਚ ਕਰਜ਼ਦਾਰ/ਸਹਿ-ਕਰਜ਼ਦਾਰ) ਵਾਸੀ ਮ. ਨੰ. ਬੀ-32/35, ਖਜ਼ਾਨਚੀਆਂ ਮੁਹੱਲਾ, ਕਪੂਰਥਲਾ-144601 ਰਾਹੀਂ।	19 ਮਰਲੇ ਦੀ ਹਾਊਸਿੰਗ ਪ੍ਰਾਪਰਟੀ ਦੀ ਇਕਵੀਟੇਬਲ ਮਾਰਟਗੇਜ ਦਾ ਸਾਰਾ ਹਿੱਸਾ, ਜੋ ਖਜ਼ਾਨਚੀਆਂ ਮੁਹੱਲਾ, ਨੇੜੇ ਸੰਗਮ ਪੈਲੇਸ, ਅੰਮ੍ਰਿਤਸਰ ਰੋਡ, ਕਪੂਰਥਲਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਨੰ. 2856 ਮਿਤੀ 07.02.1986 ਤਹਿਤ ਸਬ-ਰਜਿਸਟ੍ਰਾਰ, ਕਪੂਰਥਲਾ ਕੋਲ ਰੋਸ਼ਨ ਲਾਲ ਪੁੱਤਰ ਸੋਹਣ ਲਾਲ ਦੇ ਨਾਂ 'ਤੇ ਰਜਿਸਟਰਡ ਹੈ। ਇਸ ਦੇ ਖਸਰਾ ਨੰ. 9044/3287/0-18, 9052/3289/0-1 ਹਨ। ਹੱਦਬੰਦੀ—ਪੂਰਬ : 55'/ਕਰਤਾਰ ਸਿੰਘ, ਪੱਛਮ : 55'/ਰਸਤਾ 10 ਫੁੱਟ, ਉੱਤਰ : 58'/ਪ੍ਰਕਾਸ਼ ਸਿੰਘ ਤੇ ਕਰਤਾਰ ਸਿੰਘ, ਦੱਖਣ : 67'-6" ਸੋਹਣ ਸਿੰਘ. (ਆਈ. ਪੀ. ਆਈ. ਡੀ. : PUNBMUNA0258)	01.03.2025 / 24.11.2025 / ਸੰਕੇਤਕ	ਰੁ. 62,71,000/- / ਰੁ. 6,27,000/- / ਰੁ. 50,000/-	30.03.2026 ਸਵੇਰੇ 11 ਤੋਂ ਸ਼ਾਮ 4 ਵਜੇ	ਜਾਣਕਾਰੀ ਨਹੀਂ
			38,15,013.74 ਰੁਪਏ+ਵਿਆਜ ਐੱਨ. ਪੀ. ਏ. ਵੰਡ ਤੋਂ ਅਤੇ ਹੋਰ ਵੱਖ-ਵੱਖ ਚਾਰਜਿਜ਼।			
2.	ਬੀ./ਓ. : ਚੱਕ ਹਕੀਮ (787200) ਈ-ਮੇਲ : bo7872@pnb.bank.in ਮੋਬ. : 94173-00930 ਅਮਨਦੀਪ ਕੌਰ ਪਤਨੀ ਜਤਿੰਦਰ ਕੁਮਾਰ ਅਤੇ ਜਤਿੰਦਰ ਕੁਮਾਰ ਪੁੱਤਰ ਚਮਨ ਲਾਲ, ਵਾਸੀ ਗਲੀ ਨੰ. 2, ਸਤਨਾਮਪੁਰਾ, ਫਗਵਾੜਾ, ਜ਼ਿਲਾ ਕਪੂਰਥਲਾ, ਪੰਜਾਬ-144402.	5 ਮਰਲੇ 6 ਸਰਸਾਈ ਦੀ ਪੈਮਾਇਸ਼ ਵਾਲੀ ਜ਼ਮੀਨ ਦੀ ਈ. ਐੱਮ. ਦਾ ਸਾਰਾ ਹਿੱਸਾ, ਜਿਸ ਦੇ ਖਸਰਾ ਨੰ. . 10//9/3 (0-15), 10//10/3 (1-4), 10//11/1 (3-0),10//12/1(2-9) ਹਨ। ਇਹ ਜਾਇਦਾਦ ਟਾਈਟਲ ਡੀਡ ਨੰ. 3257 ਮਿਤੀ 08.12.2017 ਤਹਿਤ ਪਿੰਡ ਨੰਗਲ, ਤਹਿਸੀਲ ਫਗਵਾੜਾ, ਜ਼ਿਲਾ ਕਪੂਰਥਲਾ ਵਿਖੇ ਅਮਨਦੀਪ ਕੌਰ ਪਤਨੀ ਜਤਿੰਦਰ ਕੁਮਾਰ ਦੇ ਨਾਂ 'ਤੇ ਮੌਜੂਦ ਹੈ। ਹੱਦਬੰਦੀ : ਪੂਰਬ : ਸੂਰਜ ਪ੍ਰਕਾਸ਼ ਦਾ ਪਲਾਟ, ਪੱਛਮ : ਦਲਜੀਤ ਸਿੰਘ ਦਾ ਪਲਾਟ, ਦੱਖਣ : ਹੋਰ ਦੀ ਜ਼ਮੀਨ, ਉੱਤਰ : ਰਸਤਾ। (ਆਈ. ਪੀ. ਆਈ. ਡੀ. : PUNBAMANDEEP7872)	07.02.2025 / 05.05.2025 / ਸੰਕੇਤਕ	ਰੁ. 15,10,000 / ਰੁ. 1,51,000 / ਰੁ. 20,000/-	30.03.2026 ਸਵੇਰੇ 11 ਤੋਂ ਸ਼ਾਮ 4 ਵਜੇ	ਜਾਣਕਾਰੀ ਨਹੀਂ
			7,38,700 ਰੁਪਏ+ਵਿਆਜ ਐੱਨ. ਪੀ. ਏ. ਵੰਡ ਤੋਂ ਅਤੇ ਹੋਰ ਵੱਖ-ਵੱਖ ਚਾਰਜਿਜ਼।			

ਨਿਯਮ ਤੇ ਸ਼ਰਤਾਂ : ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦੱਸੀਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ : 1. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਆਧਾਰ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। 2. ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 3. ਨਿਮਨਹਸਤਾਖਰੀ ਵੱਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 30.03.2026 ਨੂੰ ਸਵੇਰੇ 11 ਵਜੇ ਕੀਤੀ ਜਾਵੇਗੀ। 4. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਦਾ ਹਵਾਲਾ ਲਵੋ।

ਮਿਤੀ : 12.03.2026
ਸਥਾਨ : ਕਪੂਰਥਲਾ

ਅਧਿਕਾਰਤ ਅਫਸਰ,
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ